# ਨਮੂਨੇ ਦਾ ਪ੍ਰਸ਼ਨ-ਪੱਤਰ
## ਜਮਾਤ-ਬਾਰ੍ਹਵੀਂ
## ਪੰਜਾਬੀ ਚੋਣਵੀਂ
## ਵਿੱਦਿਅਕ ਵਰ੍ਹਾ: 2020-2021

ਸਮਾਂ: 3 ਘੰਟੇ | ਲਿਖਤੀ ਅੰਕ= 80,ਆਂਤਰਿਕ ਮੁਲਾਂਕਣ=20
ਕੁੱਲ ਅੰਕ= 100

ਨੋਟ: **5 ਅੰਕ ਸੁੰਦਰ ਲਿਖਾਈ** ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।

(1) ਪ੍ਰਸ਼ਨ-ਪੱਤਰ ਦੇ ਕੁੱਲ 7 ਪ੍ਰਸ਼ਨ ਹਨ।
(2) ਸਾਰੇ ਪ੍ਰਸ਼ਨ ਜ਼ਰੂਰੀ ਹਨ।
(3) ਭਾਗ (ੳ), (ਅ), (ੲ) ਅਤੇ (ਸ) ਵਸਤੂਨਿਸ਼ਠ ਪ੍ਰਸ਼ਨਾਂ ਦੇ ਹਨ।ਹਰੇਕ ਪ੍ਰਸ਼ਨ ਦੇ 2 ਅੰਕ ਹਨ।

ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ:

ਭਾਗ(ੳ): ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਉ:

1. ਕਿੱਸਾ ਕਾਵਿਧਾਰਾ ਦਾ ਪਹਿਲਾ ਕਵੀ ਕਿਸ ਨੂੰ ਮੰਨਿਆ ਜਾਂਦਾ ਹੈ?
2. ਕਿਹੜਾ ਸਾਹਿਤ ਰੂਪ ਸਭ ਤੋਂ ਵੱਧ ਪ੍ਰਾਚੀਨ ਸਾਹਿਤ ਰੂਪ ਹੈ?
3. ਸਾਹਿਤ ਦੇ ਕੋਈ ਦੋ ਰਸਾਂ ਦੇ ਨਾਂ ਲਿਖੋ।
4. ਦਾਰਾ ਸਿੰਘ ਨੇ ਸਭ ਤੋਂ ਪਹਿਲਾਂ ਕਿਹੜੀ ਫ਼ਿਲਮ ਵਿੱਚ ਕੁਸ਼ਤੀ ਕੀਤੀ?
5. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਸੇ ਇੱਕ ਰਚਨਾ ਦਾ ਨਾਂ ਦੱਸੋ।

ਭਾਗ(ਅ): ਬਹੁ-ਚੋਣਵੇਂ ਪ੍ਰਸ਼ਨ:

1. ਕਵਿਤਾਂ ਨੂੰ 'ਰੂਹਾਂ ਦੀ ਬੋਲੀ' ਕਿਸ ਕਵੀ ਨੇ ਮੰਨਿਆ ਹੈ?
   (ੳ) ਭਾਈ ਵੀਰ ਸਿੰਘ (ਅ) ਕਾਰਲਾਇਲ
   (ੲ) ਵਰਡਜ਼ਬਰਥ (ਸ) ਪ੍ਰੋ: ਪੂਰਨ ਸਿੰਘ

2. ਛੰਦ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
   (ੳ) 3 ਪ੍ਰਕਾਰ ਦੇ (ਅ) 4 ਪ੍ਰਕਾਰ ਦੇ
   (ੲ) 2 ਪ੍ਰਕਾਰ ਦੇ (ਸ) 5 ਪ੍ਰਕਾਰ ਦੇ

3. 'ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ' ਕਿਸ ਗੁਰੂ ਸਾਹਿਬ ਦੀ ਰਚਨਾ ਹੈ?
   (ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਅਮਰਦਾਸ ਦੇਵ ਜੀ
   (ੲ) ਗੁਰੂ ਨਾਨਕ ਦੇਵ ਜੀ (ਸ) ਗੁਰੂ ਰਾਮਦਾਸ ਜੀ

4. "ਮਨੁੱਖ ਨਾਲ ਮਨੁੱਖ ਦਾ ਮੇਲ ਜ਼ਿੰਦਗੀ ਦੀ ਮਹਾਨ ਘਟਨਾ ਹੁੰਦੀ ਹੈ" ਸਵੈ-ਜੀਵਨੀ ਅੰਸ਼ ਦੇ ਲੇਖਕ ਦਾ ਨਾਂ ਦੱਸੋ।
   (ੳ) ਦਾਰਾ ਸਿੰਘ (ਅ) ਪ੍ਰੋ.ਪੂਰਨ ਸਿੰਘ
   (ੲ) ਗੁਰਬਖ਼ਸ਼ ਸਿੰਘ 'ਪ੍ਰੀਤਲੜੀ' (ਸ) ਪ੍ਰਿੰ.ਤੇਜਾ ਸਿੰਘ
5. ਪੰਜਾਬੀ ਕਿੱਸਾ-ਕਾਵਿ ਅਨੁਸਾਰ ਜੰਡ ਹੇਠ ਸੌਂ ਰਹੇ ਕਿਸ ਪ੍ਰੀਤ-ਨਾਇਕ ਨੂੰ ਮਾਰਿਆ ਗਿਆ ਸੀ?
   (ੳ) ਰਾਂਝਾ (ਅ) ਪੁੰਨੂ
   (ੲ) ਮਜਨੂੰ (ਸ) ਮਿਰਜ਼ਾ

ਭਾਗ(ੲ): ਹੇਠ ਲਿਖੇ ਕਥਨਾਂ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ:

1. ਇਕਾਂਗੀ ਵਿੱਚ ਪਾਤਰਾਂ ਦੀ ਗਿਣਤੀ ਨਾਟਕ ਦੇ ਪਾਤਰਾਂ ਦੇ ਮੁਕਾਬਲੇ ਵੱਧ ਹੁੰਦੀ ਹੈ।
2. ਸ਼ਾਹ ਹੁਸੈਨ ਅਨੁਸਾਰ ਫ਼ਕੀਰੀ ਦਾ ਮਾਰਗ ਸੌਖਾ ਹੈ।
3. ਮਾਤਾ ਦੁਰਗਾ ਜੀ "ਚੰਡੀ ਦੀ ਵਾਰ" ਦੀ ਨਾਇਕਾ ਹੈ।
4. ਕੋਰੜਾ ਇੱਕ ਮਾਤਰਿਕ ਛੰਦ ਹੈ।
5. ਪ੍ਰਿੰ.ਤੇਜਾ ਸਿੰਘ ਨੂੰ ਕੋਈ ਵੀ ਮਿਥਿਹਾਸਕ ਜਾਣਕਾਰੀ ਨਹੀਂ ਸੀ।

ਭਾਗ(ਸ): ਖ਼ਾਲੀ ਥਾਵਾਂ ਭਰੋ:

1. .........ਨੂੰ ਰਸਾਂ ਦਾ ਰਾਜਾ ਕਿਹਾ ਜਾਂਦਾ ਹੈ। (ਹਾਸ ਰਸ/ਕਰੁਣਾ ਰਸ/ਰੌਂਦਰ ਰਸ/ਸ਼ਿੰਗਾਰ ਰਸ)
2. ਕਹਾਣੀ.............ਸਾਹਿਤ ਦਾ ਰੂਪ ਹੈ। (ਨਾਟ/ਗ਼ਲਪ/ਕਾਵਿ/ਵਾਰਤਕ)
3. ਅੱਗੇ ਘਰ ਬਾਪ ਦਾ .......ਲੱਖਾ, ਲੈ ਦਿਆਂ ਸਾਲੂਆਂ ਦਾ ਢੇਰ।(ਪੰਜ/ਛੇ/ਅੱਠ/ਨੌਂ)

4. ਸ਼ੇਖ਼ ਫ਼ਰੀਦ ਜੀ ਦੀ ਬਹੁਤੀ ਰਚਨਾ ਸ਼ਬਦਾਂ ਅਤੇ ............ਵਿੱਚ ਮਿਲਦੀ ਹੈ।
(ਸ਼ਲੋਕਾਂ/ਦੋਹੜਿਆਂ/ਸੀਹਰਫ਼ੀਆਂ/ਕਾਫ਼ੀਆਂ)

5. ਨੰਬਰਦਾਰ .......ਨੇ ਮੈਨੂੰ ਤਸਵੀਰਾਂ ਖਿੱਚਣ ਦਾ ਸ਼ੌਕ ਪਾਇਆ।(ਈਸਰ ਦਾਸ/ ਨੂਰ ਖ਼ਾਨ/ਮੌਲਵੀ/ਪੰਡਤ)

**20x2=40**

ਪ੍ਰਸ਼ਨ 2. ਹੇਠ ਲਿਖੇ ਭਾਗਾਂ ਦੀਆਂ ਕਾਵਿ-ਸਤਰਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਪਾਵੇਂਗਾ ਦੀਦਾਰ ਸਾਹਿਬ ਦਾ, ਫਕੀਰਾ ਹੋਰ ਭੀ ਨੀਵਾਂ ਹੋਇ ॥
ਟੋਪੀ ਮੈਲੀ ਸਾਬਣ ਥੋੜਾ ਬਹਿ ਕਿਨਾਰੇ ਧੋਇ ॥

2+3=5

(ਅ) ਦੁਖੁ ਦਾਰੂ ਸੁਖੁ ਰੋਗ ਭਇਆ ਜਾ ਸੁਖੁ ਤਾਮਿ ਨ ਹੋਈ ॥
ਤੂੰ ਕਰਤਾ ਕਰਣਾ ਮੈਂ ਨਾਹੀ ਜਾ ਹਉ ਕਰੀ ਨ ਹੋਈ ॥
ਬਲਿਹਾਰੀ ਕੁਦਰਤ ਵਸਿਆ । ਤੇਰਾ ਅੰਤ ਨ ਜਾਈ ਲਖਿਆ ॥ 2+3=5

2+3=5

ਪ੍ਰਸ਼ਨ 3. ਕਿਸੇ **ਇੱਕ** ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਮੂੰਹ ਆਈ ਬਾਤ ਨਾ ਰਹਿੰਦੀ ਏ (ਬੁੱਲ੍ਹੇ ਸ਼ਾਹ ਜੀ)

(ਅ) ਹਮ ਭੀਖਕ ਭਿਖਾਰੀ ਤੇਰੇ (ਗੁਰੂ ਅਮਰ ਦਾਸ ਜੀ) 4

ਪ੍ਰਸ਼ਨ 4. ਪੀਲੂ ਜਾਂ ਵਾਰਿਸ ਸ਼ਾਹ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਇੱਕ ਭਾਵਪੂਰਤ ਨੋਟ ਲਿਖੋ।

ਜਾਂ

ਸ੍ਰੀ ਗੁਰੂ ਗੋਬਿੰਦ ਸਿੰਘ ਦੀ ਰਚਨਾ "ਚੰਡੀ ਦੀ ਵਾਰ" 'ਤੇ ਨੋਟ ਲਿਖੋ । 7

ਪ੍ਰਸ਼ਨ 5. ਆਪ-ਬੀਤੀਆਂ ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ **ਦੋ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਤੇਜਾ ਸਿੰਘ ਨੂੰ ਆਪਣੇ ਬਚਪਨ ਵਿੱਚ ਇਤਿਹਾਸ, ਮਿਥਿਹਾਸ, ਸਾਹਿਤ ਆਦਿ ਦੀ ਚੇਟਕ ਲਾਉਣ ਲਈ ਕਿਹੜੇ ਪ੍ਰੇਰਕ ਮਿਲੇ ? ਆਪਣੇ ਸ਼ਬਦਾਂ ਵਿੱਚ ਲਿਖੋ।

(ਅ) ਲੇਖਕ ਅਨੁਸਾਰ ਮਨੁੱਖ ਨੂੰ ਮਨੁੱਖ ਹੋਣ ਦਾ ਸੁਆਦ ਕਦੋਂ ਆਵੇਗਾ ? ਆਪਣੀ ਪਾਠ-ਪੁਸਤਕ 'ਚ ਸ਼ਾਮਲ ਪ੍ਰੀਤਲੜੀ ਦੇ ਸਵੈ-ਜੀਵਨੀ ਅੰਸ਼ ਦੇ ਆਧਾਰ 'ਤੇ ਦੱਸੋ ।

(ੲ) ਦਿੱਲੀ ਦਾ ਡਿਪਟੀ ਕਮਿਸ਼ਨਰ ਲੱਗਣ ਉਪਰੰਤ ਡਾ. ਰੰਧਾਵਾ ਨੇ ਪੇਸ਼ਗੀ ਕਿਰਾਇਆ ਦੱਬਣ ਵਾਲੇ ਲਾਲੇ ਨੂੰ ਕਿਸ ਤਰ੍ਹਾਂ ਸਬਕ ਸਿਖਾਇਆ ?

(ਸ) ਮੇਰੇ ਬੱਚੇ ਮੇਰਾ ਮੁਹਾਂਦਰਾਂ ਸਵੈ-ਜੀਵਨੀ ਅੰਸ਼ ਵਿੱਚ ਇੱਕ ਪਿਤਾ ਵਜੋਂ ਬਲਵੰਤ ਗਾਰਗੀ ਦੀ ਸ਼ਖ਼ਸੀਅਤ ਦੇ ਕਿਹੜੇ ਗੁਣ ਉੱਭਰ ਕੇ ਸਾਹਮਣੇ ਆਉਂਦੇ ਹਨ ?

2x4=8

ਪ੍ਰਸ਼ਨ 6. ਸਾਹਿਤ-ਬੋਧ ਪਾਠ-ਪੁਸਤਕ ਵਿੱਚੋਂ ਪੁੱਛੇ ਕਿਸੇ ਇੱਕ ਸਹਿਤ-ਰੂਪ ਬਾਰੇ ਨੋਟ ਲਿਖੋ :

(ੳ) ਨਾਟਕ

(ਅ)ਸਫ਼ਰਨਾਮਾ

(ੲ) ਨਾਵਲ 2+4+1=7

ਪ੍ਰਸ਼ਨ 7. ਹੇਠ ਲਿਖੇ ਭਾਗਾਂ ਵਿੱਚੋਂ ਕਿਸੇ ਵੀ **ਇੱਕ** ਭਾਗ 'ਤੇ ਉਦਾਹਰਨ ਸਹਿਤ ਨੋਟ ਲਿਖੋ:

(ੳ) ਰੂਪਕ ਜਾਂ ਅਤਿਕਥਨੀ ਅਲੰਕਾਰ 4

(ਅ) ਰੌਦਰ ਜਾਂ ਅਦਭੁਤ ਰਸ 4

(ੲ) ਦੋਹਰਾ ਜਾਂ ਕੋਰੜਾ ਛੰਦ 4

1x4=4

-----ਪਸਬ-----